# ਰੋਮ ਰੋਮ ਵਿਚ ਜਗਦੇ ਦੀਵੇ: ਟੁੱਟਣ ਤੋਂ ਜੁੜਨ ਤੱਕ ਦਾ ਸਫ਼ਰ

## ਕਰਮ ਸਿੰਘ ਮਾਨ, ਕੈਲਾਫ਼ੋਰਨੀਆ

ਕੈਨੇਡਾ ਨਿਵਾਸੀ ਸੁਰਜੀਤ ਕਲਸੀ ਦੀ ਪਿਛਲੇ ਤੀਹ-ਪੈਂਤੀ ਸਾਲ ਦੀ ਕਾਵਿ ਸਾਧਨਾ ਦੀ ਪ੍ਰਾਪਤੀ ਹੈ ਉਸ ਦੀ ਇਹ ਨਵੀਂ ਕਾਵਿ-ਪੁਸਤਕ 'ਰੋਮ ਰੋਮ ਵਿਚ ਜਗਦੇ ਦੀਵੇ' ਜੋ ਅਸਲ ਵਿਚ ਉਸ ਦੇ ਮੂਲ ਨਾਲੋਂ ਵਿਛੜਨ ਅਤੇ ਇਸ ਵਿਛੋੜੇ ਕਾਰਣ ਪੈਦਾ ਹੋਈ ਵੇਦਨਾ ਜਾਂ ਭਟਕਣਾ ਦਾ ਵਰਨਣ ਹੈ ਜਿਸ ਵਿਚ ਸਾਰੇ ਦੁਨਿਆਵੀ ਰਿਸ਼ਤੇ ਕੂੜ ਦੇ ਤੇ ਮਾਇਆ/ਮਿਥਿਆ ਭਾਸਦੇ ਹਨ - ਵਿਚਾਰ ਪਰਵਾਹ ਦਾ ਕੁਦਰਤੀ ਤੇ ਲੰਮਾ ਅਮਲ ਹੈ। ਰਿਸ਼ਤਿਆਂ ਦੇ ਟੁੱਟਣ ਤੇ ਜੁੜਨ ਦੀ ਪਰਕਿਰਿਆ ਸੰਮੁਦਰ ਵਿਚ ਚਲਦੀ ਜਲ ਧਾਰਾ ਵਾਂਗ ਹੈ।ਇਹ ਟੁੱਟਣ ਤੇ ਜੁੜਨ ਦਾ ਅਮਲ ਨਿਰੰਤਰ ਚਲਦਾ ਰਹਿੰਦਾ ਹੈ।ਹਊਮੈ, ਤ੍ਰਿਸ਼ਨਾ, ਲਾਲਸਾ, ਕਾਮ, ਕ੍ਰੋਧ, ਮੋਹ, ਅਤੇ ਲੋਭ ਨਾਲ ਲਬਰੇਜ਼ ਕਾਮਨਾਵਾਂ ਅਤੇ ਇੱਛਾਵਾਂ ਦੇ ਕਾਰਣ ਮਨ ਵਿਚ ਇਕ ਕੁਹਰਾਮ ਮੱਚ ਜਾਂਦਾ ਹੈ ਜਿਸ ਦਾ ਸਾਰਾ ਦੁੱਖ ਦੇਹੀ ਹੰਢਾਉਂਦੀ ਹੈ ਅਤੇ ਇਸ ਦਾ ਸੰਤਾਪ ਆਤਮਾ ਨੂੰ ਭੋਗਣਾ ਪੈਂਦਾ ਹੈ। ਅੰਤਹਕਰਣ ਵਿਚ ਵੇਦਨਾ ਉਪਜਦੀ ਹੈ। ਇਸ ਵੇਦਨਾ ਦੇ ਸਨਮੁੱਖ ਸੁਰਜੀਤ ਸੰਵੇਦਨਾ ਦੇ ਸ਼ਬਦਾਂ ਦਾ ਸੰਵਾਦ ਰਚਾਉਂਦੀ ਹੈ।ਸੰਸਕਾਰਾਂ ਅਤੇ ਪਰੰਪਰਾ ਦੀ ਲਛਮਣ ਰੇਖਾ ਵਿੱਚ ਘਿਰਨ ਅਤੇ ਪਾਰ ਕਰਨ ਦੇ ਯਤਨ ਦੇ ਫਲ ਸਰੂਪ ਔਰਤ ਅਤੇ ਦੋਹਰਾ ਸੰਤਾਪ ਭੋਗਦੀ ਹੈ।ਇਹ ਪਰੰਪਰਾ ਦੀ ਵਲਗਣ ਤੋੜ ਕੇ ਜਿਸ ਰਾਹ ਉਸਨੇ ਤੁਰਨਾ ਹੈ;ਉਹ ਰਾਹ ਕਿੰਨਾ ਬਿਖੜਾ ਹੈ;ਇਸ ਦੀ ਦਿਸ਼ਾ ਕੀ ਹੈ;ਇਸਦੇ ਹਰ ਮੋੜ ਤੋਂ ਅੱਗੇ ਰਸਤਾ ਹੈ ਜਾਂ ਭੰਬਲਭੂਸਾ-ਇਸ ਤੌਂ ਉਹ ਬੇਪਰਵਾਹ ਹੈ।ਇਸ ਜ਼ੋਖਮ ਭਰੇ ਰਾਹ ਤੇ ਉਸ ਵਿੱਚ ਸਾਹਸ ਹੈ।ਉਸਦਾ ਸਾਹਸ ਕਦੇ ਵੀ ਨਹੀ ਟੁਟਦਾ।ਹਰ ਵਕਤ ਆਸ ਉਸਦੇ ਮਨ ਵਿੱਚ ਸਦਾ ਪਲਮਦੀ ਰਹਿੰਦੀ ਹੈ।

ਨਾ ਮੰਜ਼ਿਲ ਦਾ ਸੀ ਪਤਾ ਨਾ ਰਸਤੇ ਦਾ
ਲਛਮਣ ਰੇਖਾ ਦੇ ਅੰਦਰ ਜਿੰਦ ਘੁਟਦੀ ਰਹੀ
ਅਸਮਾਨ ਦੇ ਇਕ ਛੋਟੇ ਜਿਹੇ ਟੁਕੜੇ ਤੋਂ ਪਰਾਂ
ਹੋਰ ਵੀ ਕੋਈ ਹੈ ਅੰਬਰ
ਇਸ ਦੀ ਨਾ ਕੋਈ ਸੋਝੀ ਰਹੀ॥

(ਵੇਦਨਾ 2)

ਦਰਦ ਜ਼ਿੰਦਗੀ ਦਾ ਦੇਹੀ ਤੇ ਜੀਣਾ
ਰਿਸ਼ਤੇ ਦਾ ਜ਼ਹਿਰ ਹੋਠੀਂ ਪੀਣਾ
ਪੈਰਾਂ ਨੂੰ ਅੱਗ ਦੇ ਦਰਿਆ ਤੇ ਤੁਰਨਾ ਪਿਆ
ਤਪਦੀ ਬਰੇਤੀ ਵਿੱਚ ਦੇਹੀ ਨੂੰ ਸੜਨਾ ਪਿਆ।

(ਦੇਹੀ ਦਸਤਕ)

ਜ਼ਿੰਦਗੀ ਦੀ ਵਾਟ ਦਾ ਇਹ ਮੋੜ ਕਿ ਤੋੜ ਹੈ
ਸੋਚ ਸੋਚ ਇਹੋ ਕਿਤੇ ਹੋ ਨਾਂ ਜਾਈਂ ਬਾਵਰੀ!

(ਸੰਵੇਦਨਾ 5)

ਉਹ ਇਸ ਵੇਦਨਾਂ ਵਿੱਚ ਆਪਣੇ ਅੰਦਰੋਂ ਸ਼ਕਤੀ ਪਰਾਪਤ ਕਰਦੀ ਹੈ।

ਵੇਦਨਾ ਵਿੱਚ ਹੋਰ ਹੋ ਨਾ ਉਦਾਸ
ਚੇਤਨ ਮਸਤਕ ਨਾਲ
ਆਪਣੀ ਜੋਤ ਜਗਾ ਕੇ ਦੇਖ ਕਦੀ! (ਸੰਵੇਦਨਾ 3)

ਪਰ ਇਸ ਹਾਲਤ ਵਿਚ ਵੀ ਉਹ ਆਸ ਦਾ ਪੱਲਾ ਨਹੀਂ ਛੱਡਦੀ:

ਪੱਤਝੜ ਵਿਚ ਹੋਰ ਉਦਾਸ ਹੋ ਵੀ ਜਾਵਾਂ ਤਾਂ ਕੀ ਏ
ਨਵੀਆਂ ਪੱਤੀਆਂ ਦੀ ਆਸ ਨੂੰ ਹੈ ਮਨ ਵਿਚ ਰਖਣਾ!

ਸੰਵੇਦਨਸ਼ੀਲ ਮਨੁੱਖ ਦਾ ਹਰ ਪੜਾਅ ਆਪੋ ਆਪਣਾ ਹੈ। ਉਸ ਦਾ ਦੁੱਖ ਵੀ ਆਪਣਾ। ਦੁੱਖ ਨਿਵਾਰਣ ਦਾ ਢੰਗ ਵੀ ਆਪਣਾ। ਕਿਸੇ ਨੂੰ ਦੁੱਖ ਮਾਨਸਿਕ ਤਣਾਓ ਵਿਚ ਗਰਸਦਾ ਆਤਮ-ਹੱਤਿਆ ਤੱਕ ਲੈ ਜਾਂਦਾ ਹੈ; ਕਿਸੇ ਲਈ ਇਹ ਦੁੱਖ ਦਾਰੂ ਬਣ ਜਾਂਦਾ ਹੈ।ਇਸੇ ਦੁੱਖ ਵਿੱਚ ਜਦ ਰੂਹ ਨੂੰ ਪਿਆਰ ਦਾ ਅਹਿਸਾਸ ਹੁੰਦਾ ਹੈ ਤਾਂ ਸਮੁੰਦਰ ਨੂੰ ਇੱਕ ਘੁੱਟ ਵਿੱਚ ਪੀਣ ਦਾ ਸਾਹਸ ਹੋ ਜਾਂਦਾ ਹੈ।

ਪਿਆਰ ਦਾ ਅਹਿਸਾਸ ਰੂਹ ਨੂੰ ਹੋਇਆ
ਬੇ-ਬਾਕ ਸਮੁੰਦਰ ਦਾ ਘੁੱਟ ਭਰ ਗਈ।

(ਦੁੱਖ ਮਾਰਗ ਹੈ)

ਜਿਸ ਦੇਹੀ ਵਿਚ ਵਿਗਸੇ ਪਿਆਰ
ਜਿਸ ਦੇਹੀ ਵਿਚ ਜਗੇ ਬਿਰਹੜਾ
ਉਹ ਬਣ ਸਮੁੰਦਰ ਜਾਂਦੀ!
ਜਿਸ ਦਾ ਦਿਲ ਭਰਿਆ ਨਾਲ ਵੇਦਨਾ
ਉਹ ਸੰਵੇਦਨਾ ਭਵ-ਸਾਗਰ ਤਰ ਜਾਂਦੀ!

(ਦੇਹੀ ਸਮੁੰਦਰ)

ਸੁਰਜੀਤ ਵਰਗੀ ਸੰਵੇਦਨਸ਼ੀਲ ਲੇਖਕਾ ਨੇ ਇਸ ਲੰਮੇ ਸਫ਼ਰ ਨੂੰ 'ਵੇਦਨਾ-ਸੰਵੇਦਨਾ', 'ਰੋਮ ਰੋਮ ਵਿਚ ਜਗਦੇ ਦੀਵੇ', 'ਰੇਤ ਦਾ ਰਿਸ਼ਤਾ' ਅਤੇ 'ਵਿਪਾਸਨ' ਚਾਰ ਪੜਾਵਾਂ ਵਿਚ ਵੰਡਿਆ ਹੈ। ਮੈਨੂੰ ਮਹਿਸੂਸ ਹੁੰਦਾ ਹੈ ਜਿਵੇਂ ਉਹ ਜ਼ਿੰਦਗੀ ਨਾਲ ਲਈਆਂ ਚਾਰ ਲਾਵਾਂ ਦੇ ਅਰਥ ਤਲਾਸ਼ਦੀ ਹੋਵੇ। ਪਹਿਲੀ ਲਾਵ ਨਵੇ ਮਾਰਗ ਤੇ ਪੈਣਾ ਤੇ ਪਰਿਵਰਤਨ ਵਿਚੋਂ ਗੁਜ਼ਰਨਾ, ਦੂਜੀ ਲਾਵ ਦੇਹੀ ਅਤੇ ਰੂਹ ਤੇ ਭੋਗੇ ਸੰਤਾਪ ਵਿਚੋਂ ਉਪਜੀ ਵੇਦਨਾ ਦਾ ਅਹਿਸਾਸ, ਤੀਜੀ ਲਾਵ ਵੈਰਾਗ ਤੇ ਬਿਰਹਾ ਦੇ ਅਹਿਸਾਸ ਨਾਲ ਚੂਰ ਚੂਰ ਹੋਣਾ, ਅਤੇ ਚੌਥੀ ਲਾਵ ਦੁੱਖਾਂ ਨੂੰ ਦਾਰੂ ਬਣਾ ਸਮਾਧੀ

ਵਿਚ ਬੋਧ-ਦਰਸ਼ਨ ਰਾਹੀ ਸਹਿਜ ਵਿਚ ਆ ਜਾਣ ਦਾ ਅਮਲ – ਇਸ ਸਾਰੀ ਪਰਕਿਰਿਆ ਨੂੰ ਜ਼ਿੰਦਗ਼ੀ ਨਾਲ ਚਾਰ ਲਾਵਾਂ ਲੈਣੀਆਂ ਹੀ ਕਹਾਂਗਾ।

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲ ਰਾਮ ਜੀਉ
ਹਰਿ ਦੂਜੜੀ ਲਾਵ ਸਤਿਗੁਰ ਪੁਰਖ ਮਿਲਾਇਆ ਬਲਿਰਾਮ ਜੀਉ
ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬਲਿਰਾਮ ਜੀਉ
ਹਰਿ ਚੌਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲ ਰਾਮ ਜੀਉ

(ਸਤਿਗੁਰੂ ਰਾਮ ਦਾਸ ਜੀ )

ਮੂਲ ਨਾਲੋਂ ਟੁੱਟ ਕੇ ਆਪੇ ਦੀ ਸਵੈ-ਪਹਿਚਾਣ (Self-realization)– 'ਮਨ ਤੂੰ ਜੋਤਿ ਸਰੂਪੁ ਹੈ, ਆਪਣਾ ਮੂਲੁ ਪਛਾਣੁ' (ਸ਼੍ਰੀ ਗੁਰੁ ਨਾਨਕ ਦੇਵ ਜੀ) -ਰਾਹੀਂ ਮੂਲ ਨਾਲ ਜੁੜਨ ਤੱਕ ਦਾ ਕੁਦਰਤੀ ਅਮਲ ਹੈ।ਇਹ ਅਹਿਸਾਸ ਮੰਜ਼ਲ ਤੇ ਤੁਰਦੇ ਆ ਜਾਂਦਾ ਹੈ।ਇਸੇ ਅਹਿਸਾਸ ਕਰਕੇ ਹੀ ਉਹ ਬਿਖੜੇ ਪੈਂਡੇ ਤੇ ਤੁਰਦੀ ਸਰੀਰਕ ਕਸ਼ਟ ਤੇ ਮਾਨਸਿਕ ਸੰਤਾਪ ਦੀ ਪਰਵਾਹ ਨਹੀਂ ਕਰਦੀ। ਇਹ ਸਵੈ ਦੀ ਸੋਝੀ ਬੋਧ ਦਰਸ਼ਨ ਵਿੱਚ ਜਾਕੇ ਸਵੈ ਦੇ ਸੁੱਤੇ ਸਿੱਧ ਪਰਕਾਸ਼ (Self-illumination) ਤੱਕ ਪਹੁੰਚਾ ਦਿੰਦਾ ਹੈ।ਭਾਵ ਸਮਾਧੀ ਵਿੱਚ ਇਲਹਾਮ ਹੋ ਜਾਂਦਾ ਹੈ।ਇਹ ਇਲਹਾਮ ਰੋਮ ਰੋਮ ਵਿੱਚ ਦੀਵੇ ਜਗਣ ਦਾ ਅਹਿਸਾਸ ਹੈ।ਇਸ ਅਵਸਥਾ ਵਿੱਚ ਜ਼ੱਰੇ ਜ਼ੱਰੇ ਵਿੱਚ ਉਸ ਦੀ ਧੜਕਣ ਨੂੰ ਮਹਿਸੂਸ ਕਰਨ ਦੀ ਹੈ ।ਇਹ ਕੁਦਰਤ ਦੇ ਅਨਹਦ ਨਾਦ ਨੂੰ ਸੁਣਨਾ ਹੈ।ਇਹ ਉਹ ਅਵਸਥਾ ਹੈ ਜਿੱਥੇ ਜ਼ਿੰਦਗੀ ਜਿਉਣ ਦਾ ਚਾਅ ਉਮੰਡ ਆਉਂਦਾ ਹੈ। ਮੌਤ ਦਾ ਭੈਅ ਅਲੋਪ ਹੋ ਜਾਂਦਾ ਹੈ।"ਅਸਾਂ ਮੌਤ ਤੋਂ ਵੀ ਡਰਨਾ ਛਡ ਦਿਤਾ!" ਮਨ ਹਰ ਪਰਕਾਰ ਦੀਆ ਇੱਛਾਵਾਂ ਤੇ ਲਾਲਸਾਵਾਂ ਤੌਂ ਨਜਾਤ ਪਾ ਲੈਂਦਾ ਹੈ।ਸੁਰਜੀਤ ਦੀਆਂ ਇਹ ਕਵਿਤਾਵਾਂ ਕਦਮ ਦਰ ਕਦਮ ਵਧਦੀਆਂ ਇਸ ਕਰਮ ਤੇ ਪ੍ਰਤੀਕਰਮ ਦੀਆਂ ਪ੍ਰਤੀਬਿੰਬ ਹਨ।

ਸਦੀਆਂ ਦਾ ਬਿਖੜਾ ਪੈਂਡਾ ਜਿੰਦ
ਹੋ ਕੇ ਲੀਨ ਸਮਾਧੀ ਵਿਚ ਇਕ-ਸੁਰ
ਕੁਝ ਹੀ ਪਲਾਂ ਛਿਣਾਂ ਵਿਚ ਕਰ ਤੈਅ ਗਈ। (ਵਿਪਾਸਨਾ)

ਸੁਰਜੀਤ ਅਨੁਸਾਰ ਸਮਾਧੀ ਵਿਚ ਦੇਹੀ ਦੇ ਦੁੱਖਾਂ ਦੀ ਨਵਿਰਤੀ ਹੈ, ਮਨ ਵਿਚ ਟਿਕਾਉ, ਸਰਸ਼ਾਰ ਰੂਹ ਦਾ ਉਚ ਮੰਡਲ ਵਿਚ ਉੱਡਣਾ, ਇਸ ਇਲਹਾਮ ਦੇ ਸਿੱਟੇ ਵਜੋਂ ਦੇਹੀ ਤੇ ਰੋਮ ਰੋਮ ਵਿਚ ਦੀਵੇ ਜਗਦੇ ਮਹਿਸੂਸ ਹੁੰਦੇ ਹਨ:

ਸਵੈ-ਭਾਵੀ ਜਿਹੀ ਪ੍ਰਕਿਰਿਆ
ਸਾਧੋ ਬੁਧ ਧਾਮਾ ਵਿਪਾਸਨਾ ਪਾਈ! (ਦੁਖ ਮਾਰਗ ਹੈ)

ਜਿਸ ਨਾਲ –

ਸਤਰੰਗੀ ਪੀਂਘ ਹੁਲਾਰਾ ਲੈ ਉੱਡੀ ਅਸਮਾਨੀ
ਸ਼ਬਦ ਤੇਰੀ ਛੋਹ ਦਾ ਬ੍ਰਹਿਮੰਡੀ ਨਾਦ ਛਾਇਆ
ਇਲਹਾਮ ਨਹੀਂ ਸੱਚਮੁਚ ਦਾ ਵਰਦਾਨ ਸੀ ਤੇਰਾ

ਤਪਦੀ ਬਰੇਤੀ ਤੇ ਘਣਛਾਵਾਂ ਰੁੱਖ ਬਣ ਆਇਆ! (ਦੇਹੀ ਬੰਧਨਾਂ)

ਇਸ ਬੰਦਗੀ ਦੀ ਅਵਸਥਾ ਵਿਚ ਰੋਮ ਰੋਮ ਵਿਚ ਦੀਵੇ ਜਗਣ ਜਿਹਾ ਅਹਿਸਾਸ ਸਵੈ ਦਾ ਸੁਤੇ-ਸਿਧ ਪਰਕਾਸ਼ ਹੈ। ਇਹ ਉਹ ਰੂਹਾਨੀ ਅਵਸਥਾ ਹੈ ਜਿਸ ਦਾ ਜ਼ਿਕਰ ਪਿਛਲੀ ਸਦੀ ਦੇ ਸ਼ੁਰੂ ਵਿਚ ਭਾਈ ਵੀਰ ਸਿੰਘ ਨੇ ਇਸ ਤਰ੍ਹਾਂ ਕੀਤਾ ਸੀ:

"ਸਾਬਣ ਲਾ ਲਾ ਧੋਤਾ ਕੋਲਾ
ਦੁੱਧ ਦਹੀਂ ਵਿੱਚ ਪਾਇਆ।
ਖੰਭ ਚਾਹੜ ਰੰਗਣ ਵੀ ਧਰਿਆ
ਰੰਗ ਨਾ ਏਸ ਵਟਾਇਆ।
ਵਿਛੜਿਆਂ ਕਾਲਖ਼ ਸੀ ਆਈ
ਬਿਨ ਮਿਲਿਆ ਨਹੀਂ ਲਹਿੰਦੀ
ਅੰਗ ਅੱਗ ਦੇ ਲਾ ਕੇ ਦੇਖੋ
ਚੜ੍ਹਦਾ ਰੂਪ ਸਵਾਇਆ"।

ਕੋਲੇ ਦੀ ਕਾਲਖ਼ ਆਪਣੇ ਮੂਲ 'ਅਗਨੀ' ਨਾਲ ਜੁੜ ਕੇ ਲਹਿ ਜਾਂਦੀ ਹੈ ਉਹ ਦਗ਼ ਦਗ਼ ਕਰਕੇ ਭੱਖ ਉਠਦਾ ਹੈ ਅਤੇ ਅਗਨੀ ਦਾ ਰੂਪ ਹੋ ਜਾਂਦਾ ਹੈ – ਨਵਾਂ ਜਲੌਅ, ਚਾਨਣ ਚਾਨਣ। ਇਸੇ ਤਰਾਂ ਦੇ ਅਨੁਭਵ ਸੁਰਜੀਤ ਵਿੱਚ ਵੇਖੋ:

ਅਗਨ ਸਾਂ ਦਗ ਦਗ ਬਲਦੀ ਸਾਂ
ਬੇਰੁਖੀ ਦੇ ਪਾਣੀ ਪਾ ਜਿਸ ਨੂੰ ਬੁਝਾਇਆ
ਸਹਿਜ ਛੋਹ ਨੇ ਸਲੇਟੀ ਰਾਖ਼ ਜੋ ਛੂਹੀ
ਸੰਧੂਰੀ ਮੁਖੜਾ ਫਿਰ ਜਗਮਗਾ ਆਇਆ!

(ਵੇਦਨਾ 5)

ਰੋਮ ਰੋਮ ਵਿਚ ਰਚੇ ਚਾਨਣ ਨੂੰ ਬਾਹਰ ਵਗਦੇ ਝੱਖੜ, ਹਨੇਰੀ, ਤੂਫਾਨ ਬੁਝਾ ਨਹੀਂ ਸਕਦੇ। ਜੋ ਦੀਵੇ ਅੰਦਰਲੀ ਅੱਖ, ਦਿੱਬ-ਦ੍ਰਿਸ਼ਟੀ ਨਾਲ ਲਟ ਲਟ ਜਗੇ ਤੇ ਜਗਦੇ ਹਨ।ਇਹ ਦੀਵੇ 'ਜੋਤ ਨਾਲ ਜੋਤ' ਜਗਣ ਕਰਕੇ ਅਬੁਝ ਹੋ ਜਾਂਦੇ ਹਨ। ਇਹ ਰੂਹਾਨੀ ਚਾਨਣ ਮੂਲ ਨਾਲ ਜੁੜਨ ਦੀ ਪਰਾਪਤੀ ਹੈ। ਮੇਰੇ ਖਿਆਲ ਵਿਚ ਜੇ ਇਹਨਾਂ ਕਵਿਤਾਵਾਂ ਦੀ ਤਰਤੀਬ 'ਰੇਤ ਦਾ ਰਿਸ਼ਤਾ', 'ਵੇਦਨਾ-ਸੰਵੇਦਨਾ', 'ਵਿਪਾਸਨਾ' ਅਤੇ 'ਰੋਮ ਰੋਮ ਵਿਚ ਜਗਦੇ ਦੀਵੇ' ਹੁੰਦੀ ਤਾਂ ਇਸ ਸਫ਼ਰ ਦੀ ਹੋਰ ਵੀ ਸਪਸ਼ਟਤਾ ਹੋਣੀ ਸੀ।

ਵਿਪਾਸਨਾ ਦੇ 'ਚੌਥੇ ਪਹਿਰ" ਵਿਚ ਸੁਰਜੀਤ ਇਸ ਪਰਾਪਤੀ ਦਾ ਇਸ ਤਰ੍ਹਾਂ ਜ਼ਿਕਰ ਕਰਦੀ ਹੈ:

ਅੰਦਰਵਾਰ ਅੱਖੀਆਂ ਖੁਲ੍ਹੀਆਂ
ਕੁਲ ਸ੍ਰਿਸ਼ਟੀ ਨਜ਼ਰ ਆ ਗਈ
ਧਰਤੀ ਮਿਥਿਆ ਨੂੰ ਛੱਡ ਰੂਹ
ਉੱਡ ਨੀਲੇ ਅੰਬਰੀ ਗਈ॥

ਨਾ ਪੀੜ ਨਾ ਵੇਦਨਾ
ਨਾ ਦੁੱਖ ਨਾ ਸੋਚਾਂ ਦਾ ਸੰਘਾਰ
ਸਾਧੋ ਬੁਧ ਧਾਮਾ ਵਿਪਸਨਾ ਮਾਰਗ ਪਾਈ॥

(ਚੌਥੇ ਪਹਿਰ)

ਇਸ ਸਾਰੀ ਪਰਕਿਰਿਆ ਦੇ ਰਾਹੀਂ ਕੁਦਰਤ ਨਾਲ ਇਕ ਮਿਕ ਹੋਣ ਵਲ ਸੰਕੇਤ ਦਿੰਦੀਆਂ ਕਵਿਤਾਵਾਂ ਸ਼ੁਕਰਾਨੇ ਵਿਚ ਆ ਖ਼ਤਮ ਹੁੰਦੀਆਂ ਹਨ:

ਆਓ ਸ਼ੁਕਰਾਨਾ ਕਰੀਏ
ਇਹਨਾਂ ਪੱਤਝੜ ਦੇ ਸੁਨਹਿਰੀ ਪੱਤਿਆਂ ਦਾ
ਜੋ ਜ਼ਿੰਦਗ਼ੀ ਦਾ ਸੁਨੇਹਾ ਟਾਹਣੀਆਂ ਤੇ ਲਿਖ ਗਏ ਨੇ।
ਆਓ ਸ਼ੁਕਰਾਨਾ ਕਰੀਏ
ਧਰਤੀ, ਸੂਰਜ, ਚੰਨ ਤਾਰਿਆਂ ਦਾ
ਜੋ ਜੀਵਾਂ ਤੇ ਬਨਸਪਤੀ ਨੂੰ ਜ਼ਿੰਦਗ਼ੀ ਦੇ ਰਹੇ ਨੇ!

(ਸ਼ੁਕਰਾਨਾ)

ਸੁਰਜੀਤ 'ਆਜ਼ਾਦੀ ਦਾ ਗੀਤ ਗਾਉਂਦੇ ਪੰਛੀਆਂ' ਦਾ, ਟਹਿਕਦੇ ਰੰਗ ਬਿਰੰਗੇ ਫੁੱਲਾਂ ਦਾ, ਚੜ੍ਹਦੇ ਸੂਰਜ ਦੀ ਲਾਲੀ ਦਾ, ਧਰਤੀ, ਸੂਰਜ, ਚੰਨ ਤਾਰਿਆਂ ਦਾ ਸ਼ੁਕਰਾਨਾ ਕਰਦੀ ਹੈ ਕਿਉਂਕਿ ਜ਼ਿੰਦਗ਼ੀ ਨਾਲ ਜੁੜਨ ਲਈ –'ਨਵੀਆ ਪੱਤੀਆਂ ਦੀ ਆਸ ਮਨ ਵਿਚ ਰੱਖਣਾ' ਦੀ ਉਮੰਗ ਪੂਰੀ ਹੋਣ ਕਰਕੇ ਆਪਣੇ ਮੂਲ ਨਾਲ ਜੁੜਨ ਦੀ ਕੁਦਰਤ ਤੇ ਕਾਦਰ ਦੇ ਧੰਨਵਾਦ ਦੇ ਨਾਲ ਨਾਲ ਉਹਨਾਂ ਮਹਾਨ ਮਨੁੱਖਾਂ, ਰਹਿਬਰਾਂ, ਜ਼ਿੰਦਗ਼ੀ ਦੇ ਸ਼ਾਹਸਵਾਰਾਂ ਦਾ ਸ਼ੁਕਰਾਨਾ ਕਰਕੇ ਵੀ ਬਣਦਾ ਰਿਣ ਚੁਕਾਉਂਦੀ ਹੈ।

ਸੁਰਜੀਤ ਦੀਆ ਇਹ ਸੰਵੇਦੀ ਕਵਿਤਾਵਾਂ ਪਿਆਰ ਦੀ ਘਾਟ ਜੋ ਬਚਪਨ ਤੇ ਜਵਾਨੀ ਵਿੱਚ ਰਹੀ ਤੇ ਜਿਸ ਨਿਹਮਤ ਲਈ ਉਹ ਜੀਵਨ ਵਿੱਚ ਤਰਸਦੀ ਰਹੀ ਰੂਹਾਨੀ ਅਵਸਥਾ ਵਿੱਚ ਪੁੱਜ ਕੇ ਉਸਨੂੰ ਨਿਗੂਣੀ ਜਾਪਣ ਲੱਗ ਪਈ।

ਹੇ ਜਾਣੀਜਾਣ!
ਬਚਪਨ ਤੋਂ ਜਵਾਨੀ ਤੇ ਜਵਾਨੀ ਤੋਂ ਹੁਣ ਤੱਕ
ਮੋਹ ਪਿਆਰ ਦੀ ਲਾਲਸਾ ਕਰਦੀ ਰਹੀ ਜ਼ਿੰਦਗੀ
ਕਦੀ ਨਾਂ ਆਇਆ ਪਿਆਰ ਦਿਲ ਦੁਆਰੇ
ਨਿਗੂਣੀ ਨਿਹਮਤ ਲਈ ਭਟਕਦੀ ਰਹੀ ਜ਼ਿੰਦਗੀ

(ਦੇਹੀ ਅਰਦਾਸ)

ਸਮਾਧੀ ਵਿੱਚ ਜਾਕੇ ਉਸ ਨੂੰ ਰੂਹ ਅਤੇ ਰੁਹਾਨੀਅਤ ਦਾ ਅਹਿਸਾਸ ਹੁੰਦਾ ਹੈ।ਜੋ ਬ੍ਰਹਿਮੰਡੇ ਸੋਈ ਪਿੰਡੇ ਦੀ ਸੋਝੀ ਪੈ ਜਾਂਦੀ।"ਜੋ ਬ੍ਰਹਿਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ।" (ਭਗਤ ਪੀਪਾ)

ਇਸੇ ਤਰ੍ਹਾਂ ਸੁਰਜੀਤ ਕਹਿੰਦੀ ਹੈ:

ਵਿਪਾਸਨਾ ਸੋਝੀ ਦਿੱਤੀ ਰੂਹ ਇਕੱਲੀ ਨਹੀਂ
ਮਨ ਮੰਦਰ ਵਿੱਚ ਉਹ ਆਪ ਹੈ
ਚਾਨਣ ਦਾ ਆਗਮਨ ਹੈ
ਮੁਹੱਬਤ ਦਾ ਵਿਸਥਾਰ ਹੈ। (ਚੌਥੇ ਪਹਿਰ)

ਉਸ ਦਾ ਪਿਆਰ ਵੱਖੋ ਵੱਖਰੀਆ ਦਿਸ਼ਾਵਾਂ (Dimensions) ਵਿੱਚ ਫੈਲਦਾ ਹੈ।ਉਹ ਇਸ ਨੂੰ ਸੌੜੀਆਂ ਤੰਗ ਵਲਗਣਾਂ ਤੋਂ ਉੱਪਰ ਖੰਡਾਂ ਬ੍ਰਹਿਮੰਡਾਂ, ਦੀਪਾਂ, ਲੋਆਂ-ਪਤਾਲਾਂ ਤੱਕ ਫੈਲ ਕੇ ਵਿਸਤਰਤ ਹੋਇਆ ਵੇਖਦੀ ਹੈ। ਅੱਗੋਂ ਉਹ ਇਸ ਪਿਆਰ ਨੂੰ ਕੁਦਰਤ ਤੇ ਕਾਦਰ, ਸਮੁੱਚੀ ਕਾਇਨਾਤ ਵਿੱਚ ਫੈਲਿਆ ਦੇਖਦੀ ਹੈ।ਇਸ ਵਿਲੱਖਣ ਪਰਾਪਤੀ ਲਈ ਸੁਰਜੀਤ ਕਲਸੀ ਵਧਾਈ ਦੀ ਹੱਕਦਾਰ ਹੈ।

*****